# ਇਸਲਾਮ ਅਤੇ ਜ਼ਮੀਰ ਦੀ ਅਜ਼ਾਦੀ



ਜ਼ਮੀਰ ਦੀ ਅਜ਼ਾਦੀ, ਵਿਚਾਰਾਂ ਦੀ ਅਜ਼ਾਦੀ ਅਤੇ ਧਰਮ ਦੀ ਅਜ਼ਾਦੀ ਹਰ ਮਨੁੱਖ ਦਾ ਜਨਮਜਾਤ ਅਧਿਕਾਰ ਹੈ ਅਤੇ ਇਸਲਾਮ ਸੰਸਾਰ ਦਾ ਪਹਿਲਾ ਧਰਮ ਹੈ ਜਿਸ ਨੇ ਇਸ ਨੂੰ ਸਾਰਿਆਂ ਅੰਗਾ ਸਣੇ ਪ੍ਰਵਾਨ ਕਰਕੇ ਮਨੁੱਖ ਦੇ ਮਾਣ ਅਤੇ ਸਨਮਾਨ ਨੂੰ ਸਥਾਪਤ ਕੀਤਾ ਹੈ। ਕੁਰਆਨ ਮਜੀਦ ਅਨੁਸਾਰ ਹਰ ਮਨੁੱਖ ਨੂੰ ਬਿਨਾ ਕਿਸੇ ਮਤਿਭੇਦ ਧਰਮ ਤੇ ਕੌਮ, ਜਾਤਿ ਪਾਤ, ਰੰਗ ਰੂਪ ਅਤੇ ਨਸਲ ਦੇ ਕਿਸੇ ਵੀ ਧਰਮ ਨੂੰ ਪਰਵਾਨ ਕਰਨ ਦਾ ਉਸ ਨੂੰ ਅਧਿਕਾਰ ਅਤੇ ਉਸ ਉਪੱਰ ਪੂਰੀ ਤਰ੍ਹਾਂ ਅਮਲ ਕਰਨ ਤੇ ਚਾਹੇ ਤਾਂ ਉਸ ਨੂੰ ਛੱਡ ਦੇਵੇ, ਉਸ ਨੂੰ ਪੂਰੀ ਪੂਰੀ ਅਜ਼ਾਦੀ ਹੈ।

ਕੁਰਆਨ ਕਰੀਮ ਵਿੱਚ ਅਲੱਾਹ ਫ਼ਰਮਾਉਂਦਾ ਹੈ :

ਧਰਮ ਵਿੱਚ ਕੋਈ ਜਬਰ ਨਹੀਂ, ਨਿਸ਼ਚੇ ਹੀ ਸੁਮਾਰਗ ਅਤੇ ਕੁਮਾਰਗ ਦਾ (ਪਰਸਪਰ) ਭਿੰਨ ਭੇਤ ਪ੍ਰਤਖ ਰੂਪ ਵਿੱਚ ਪ੍ਰਗਟ ਕਰ ਦਿੱਤਾ ਗਿਆ ਹੈ। (ਸੂਰਤ ਅਲਬਕਰਹ 257)

ਇਸੇ ਪ੍ਰਕਾਰ ਫ਼ਰਮਾਇਆ : ਤੁਹਾਡੇ ਲਈ ਤੁਹਾਡਾ ਧਰਮ ਹੈ ਅਤੇ ਮੇਰੇ ਲਈ ਮੇਰਾ ਧਰਮ ਹੈ। (ਅਲਾਕਫ਼ਿਰੂਨ 7)

ਅਲੱਾਹ ਫ਼ਰਮਾਉਂਦਾ ਹੈ : ਅਤੇ ਤੂੰ ਕਹਿ ਦੇ ਕਿ ਸਚੱਾਈ ਉਹੋ ਹੈ ਜੋ ਤੁਹਾਡੇ ਰੱਬ ਵੱਲੋਂ ਹੈ, ਸੋ, ਜੋ ਚਾਹੇ ਈਮਾਨ ਲੈ ਆਵੇ ਅਤੇ ਜੋ ਚਾਹੇ ਇਨਕਾਰ ਕਰ ਦੇਵੇ। (ਅਲ ਕਹਫ਼ 30)

ਕਿਸੇ ਵੀ ਧਰਮ ਨੂੰ ਕੁਬੂਲ ਕਰਨਾ ਹਰ ਮਨੁੱਖ ਦਾ ਮੁਢੱਲਾ ਅਧਿਕਾਰ ਹੈ ਅਤੇ ਇਸਲਾਮ ਅਦਲ ਤੇ ਨਿਆ ਕਾਇਮ ਕਰਨ ਦੀ ਇਹ ਸਿੱਖਿਆ ਦਿੰਦਾ ਹੈ ਕਿ : ਕਿਸੇ ਕੌਮ ਦਾ ਵੈਰ ਤੁਹਾਨੂੰ ਇਸ ਗੱਲ ਲਈ ਨ ਉਕਸਾਏ ਕਿ ਤੁਸੀਂ ਨਿਆ ਨ ਕਰੋ, ਤੁਸੀਂ ਇੰਸਾਫ਼ ਕਰੋ ਇਹ ਸੰਜਮਤਾ ਦੇ ਬਹੁਤ ਨੇੜੇ ਹੈ। (ਅਲਮਾਇਦਹ 9)

ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਇਮਾਮ ਮਹਦੀ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : "ਇਹ ਜਹਾਲਤ ਅਤੇ ਅਤਿ ਮੂਰਖਤਾ ਹੈ ਕਿ ਇਸ ਜੁੱਗ ਦੇ ਨਾਂ ਦੇ ਮੁਲੱਾ ਝੱਟ ਕਹਿ ਦਿੰਦੇ ਹਨ ਕਿ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਨੇ ਜਬਰਨ ਮੁਸਲਮਾਨ ਕਰਨ ਲਈ ਤਲਵਾਰ ਉਠਾਈ ...... ਅਤੇ ਇਹਨਾ ਹੀ ਸ਼ੰਕਿਆਂ ਵਿੱਚ (ਕਈ) ਨਾਸਮਝ ਪਾਦਰੀ ਵੀ ਗ੍ਰਿੱਸੇ ਹੋਏ ਹਨ। ਪਰ ਇਸ ਤੋਂ ਵੱਧ ਕੋਈ ਝੂਠੀ ਗੱਲ ਨਹੀਂ ਹੋਵੇਗੀ ਕਿ ਜਬਰ ਤੇ ਵਧੀਕੀ ਦਾ ਆਰੋਪ ਇਸ ਧਰਮ ਉਪੱਰ ਲਾਇਆ ਜਾਵੇ, ਜਿਸ ਦੀ ਪਹਿਲੀ ਹਦਾਇਤ ਇਹ ਹੈ ਕਿ (لَآ إِكْرَاهَ فِي الدِّينِ)

''ਲਾ ਇਕਰਾਹਾ ਫ਼ਿੱਦੀਨ'' ਅਰਥਾਤ ਧਰਮ ਵਿੱਚ ਕੋਈ ਜਬਰ ਨਹੀਂ ਸਗੋਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਅਤੇ ਆਪ ਜੀ ਦੇ ਬਜ਼ੁਰਗ ਸਹਾਬਾ ਦੀਆਂ ਲੜਾਈਆਂ ਜਾਂ ਤਾਂ ਇਸ ਲਈ ਸਨ ਕਿ ਆਪਣੇ ਆਪ ਨੂੰ ਬਚਾਇਆ ਜਾਵੇ ਜਾਂ ਇਸ ਲਈ ਸਨ ਕਿ ਅਮਨ ਕਾਇਮ ਕੀਤਾ ਜਾਵੇ ਅਤੇ ਜੋ ਲੋਕ ਤਲਵਾਰ ਨਾਲ ਧਰਮ ਨੂੰ ਰੋਕਣਾ ਚਾਹੁੰਦੇ ਹਨ ਉਹਨਾਂ ਨੂੰ ਤਲਵਾਰ ਨਾਲ ਪਿੱਛੇ ਹਟਾਇਆ ਜਾਵੇ। (ਤੁਰਯਾਕੁਲ ਕੁਲੂਬ ਪੰਨਾ 16)

ਹਾਂ, ਇਸਲਾਮ ਹਰ ਇਕ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਆਪਣੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰੇ ਅਤੇ ਇਸ ਦੇ ਸਿੱਟੇ ਵੱਜੋਂ ਜੋ ਚਾਹੇ ਕਿਸੇ ਵੀ ਧਰਮ ਨੂੰ ਕੁਬੂਲ ਕਰ ਸਕਦਾ ਹੈ ਪਰ ਉਸ ਵਿੱਚ ਕਿਸੇ ਵੀ ਪ੍ਰਕਾਰ ਦਾ ਤਸ਼ੱਦੁਦ ਜਾਂ ਦਬਾਉ ਉਚਿਤ ਨਹੀਂ ਹੈ ਸਗੋਂ ਸਨੇਹ, ਪਿਆਰ ਅਤੇ ਇਕ ਦੂਜੇ ਦੇ ਸਨਮਾਨ ਨਾਲ ਇਸ ਕਾਰਜ ਨੂੰ ਸਿਰੇ ਚੜ੍ਹਾਉਣ ਦਾ ਹੁਕਮ ਹੈ।

ਇਸ ਲਈ ਇਸਲਾਮ ਜ਼ਮੀਰ ਦੀ ਅਜ਼ਾਦੀ ਦੇ ਸੰਬੰਧ ਵਿੱਚ ਧਰਮ ਦੇ ਮੰਨ੍ਹਣ ਵਾਲਿਆਂ ਨੂੰ ਇਹ ਵੀ ਅਧਿਕਾਰ ਦਿੰਦਾ ਹੈ ਕਿ ਜਿਸ ਧਰਮ ਨੂੰ ਹੱਕ ਜਾਣ ਕੇ ਅਤੇ ਸਚੱਾ ਸਵੀਕਾਰ ਕਰਕੇ ਅਤੇ ਉਸ ਨੂੰ ਖ਼ੂਬੀਆਂ ਨਾਲ ਭਰਪੂਰ ਸਮਝ ਕੇ ਉਹ ਮੰਨ੍ਹਦਾ ਹੈ, ਉਸ ਨੂੰ ਬੇਸ਼ਕ ਮੁਹਬੱਤ ਤੇ ਪਿਆਰ ਨਾਲ ਦੂਜਿਆਂ ਤੱਕ ਪਹੁੰਚਾਏ ਫਿਰ ਉਸ ਨੂੰ ਕੁਬੂਲ ਕਰਨਾ ਜਾਂ ਨ ਕਰਨਾ ਸੁਨਣ ਵਾਲੇ ਦਾ ਪੂਰਾ ਅਧਿਕਾਰ ਹੈ।

ਜਿੱਥੋਂ ਤੱਕ ਵਿਚਾਰਾਂ ਦੀ ਅਜ਼ਾਦੀ ਦਾ ਸੰਬੰਧ ਹੈ ਇਸ ਬਾਰੇ ਇਸਲਾਮ ਨੇ ਇਹ ਅਧਿਕਾਰ ਤਾਂ ਸਵੀਕਾਰ ਕੀਤਾ ਹੈ ਕਿ ਆਪਣੇ ਆਪਣੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਵੇ ਪਰ ਇਸਲਾਮ ਕਿਸੇ ਧਰਮ ਦੇ ਧਾਰਮਕ ਰਹਿਨੁਮਾਵਾਂ, ਆਗੂਆਂ ਜਾਂ ਦੇਵੀ ਦੇਵਤਿਆਂ ਆਦਿ ਦਾ ਅਪਮਾਨ ਕਰਨ ਅਤੇ ਉਹਨਾਂ ਦਾ ਮਖ਼ੌਲ ਉਡਾਉਣ ਅਤੇ ਉਹਨਾਂ ਨੂੰ ਬੁਰਾ ਭਲਾ ਕਹਿਣ ਦੀ ਉਕੱਾ ਹੀ ਆਗਿਆ ਨਹੀਂ ਦਿੰਦਾ। ਇਸਲਾਮ ਵਿੱਚ ਬੇਸ਼ਕ ਮੂਰਤੀ ਪੂਜਾ ਦੀ ਅਗਿਆ ਨਹੀਂ ਹੈ ਅਤੇ ਸ਼ਿਰਕ ਦਾ ਸਖ਼ਤੀ ਨਾਲ ਖੰਡਨ ਕੀਤਾ ਗਿਆ ਹੈ, ਪਰ ਫਿਰ ਵੀ ਇਸਲਾਮ ਹੋਰਨਾ ਧਰਮਾਂ ਦੇ ਪੂਜਕਾਂ ਨੂੰ ਬੁਰਾ ਭਲਾ ਕਹਿਣ ਜਾਂ ਗਾਲ੍ਹਾਂ ਕਢੱਣ ਦੀ ਉਕੱਾ ਹੀ ਆਗਿਆ ਨਹੀਂ ਦਿੰਦਾ। ਅਲੱਾਹ ਤਆਲਾ ਫ਼ਰਮਾਉਂਦਾ ਹੈ :

''ਤੁਸੀਂ ਉਹਨਾਂ ਨੂੰ ਗਾਲ੍ਹਾਂ ਨ ਦਿਓ ਜਿੰਨ੍ਹਾ ਨੂੰ ਉਹ ਰੱਬ ਤੋਂ ਬਿਨਾ ਪੁਕਾਰਦੇ ਹਨ ਨਹੀਂ ਤਾਂ ਉਹ ਦੁਸ਼ਮਣੀ ਕਰਦਿਆਂ ਹੋਇਆ ਅਣਜਾਣੇ ਵਿੱਚ ਰੱਬ ਨੂੰ ਗਾਲ੍ਹਾਂ ਦੇਣ ਗੇ।'' (ਸੂਰਤ ਅਲ ਅਨਆਮ 109)

ਹਜ਼ਰਤ ਬਾਨੀ ਅਹਮਦੀਆ ਮੁਸਲਿਮ ਜਮਾਤ ਫ਼ਰਮਾਉਂਦੇ ਹਨ :

''ਦੇਖੋ ਕਿ ਰੱਬ ਦੀ ਸਿੱਖਿਆ ਅਨੁਸਾਰ ਬੁੱਤ ਕੋਈ ਚੀਜ਼ ਨਹੀਂ ਹਨ, ਪਰ ਫਿਰ ਵੀ ਰੱਬ ਮੁਸਲਮਾਨਾਂ ਨੂੰ ਸਿਖਾਉਂਦਾ ਹੈ ਕਿ ਬੁਤਾਂ ਨੂੰ ਬੁਰਾ ਭਲਾ ਨ ਕਹੋ ਅਤੇ ਕੇਵਲ ਨਰਮੀ ਨਾਲ ਸਮਝਾਓ।'' (ਪੈਗ਼ਾਮੇ ਸੁਲਾਹ-32)

ਇਸਲਾਮ ਦੀ ਇਸ ਪ੍ਰੇਮ ਨਾਲ ਭਰੀ ਸਿੱਖਿਆ'ਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਨੇ ਆਪਣੇ ਸਾਰਾ ਜੀਵਨ ਦੁਸ਼ਮਣਾ ਦੀ ਦੁਸ਼ਮਣੀ ਅਤੇ ਵੱਖ ਵੱਕ ਔਕੁੜਾਂ ਦੇ ਹੁੰਦਿਆਂ ਹੋਇਆਂ ਵੀ ਅਮਲ ਕਰਕੇ ਦਿਖਾਇਆ। ਅਹਮਦੀਆ ਮੁਸਲਿਮ ਜਮਾਤ ਦੇ ਵਰਤਮਾਨ ਰੂਹਾਨੀ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਅਮ ਦੇ ਪਵਿੱਤਰ ਜੀਵਨ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇਂ ਹਨ :

''ਕੌਣ ਨਹੀਂ ਜਾਣਦਾ ਕਿ ਮੱਕੇ ਵਿੱਚ ਆਪ ਦੇ ਨਬੁਵੱਤ ਦੇ ਦਾਵੇ ਦੇ ਬਾਦ ਦੇ 13 ਸਾਲਾਂ ਦਾ ਜੀਵਨ ਕਿੰਨ੍ਹਾ ਸਖ਼ਤ ਸੀ ਕਿੰਨ੍ਹੇ ਦੁੱਖ ਸਨ ਜੋ ਆਪ ਨੇ ਅਤੇ ਆਪ ਦੇ ਸਹਾਬਾ ਨੇ ਦੁੱਖ ਤੇ ਕਸ਼ਟ ਸਹਿਨ ਕੀਤੇ।

ਦੁਪਹਿਰ ਸਮੇਂ ਤਪਦੇ ਮਾਰੂਥਲ ਵਿੱਚ ਲੰਮੇ ਪਾਏ ਗਏ, ਪਖੱਦੇ ਪਥੱਰ ਹਿੱਕਾਂ ਉਪੱਰ ਰੱਖੇ ਗਏ, ਕੋਰੜੇ ਮਾਰੇ ਗਏ, ਇਸਤਰੀਆਂ ਨੂੰ ਲੱਤਾਂ ਚੀਰ ਕੇ ਮਾਰਿਆ ਗਿਆ, ਕਤਲ ਕੀਤੇ ਗਏ, ਸ਼ਹੀਦ ਕੀਤੇ ਗਏ। ਆਪ ਜੀ ਉਪੱਰ ਵੱਖ ਵੱਖ ਪ੍ਰਕਾਰ ਦੇ ਅਤਿਆਚਾਰ ਢਾਹੇ ਗਏ। ਪਰ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਅਜਿਹੀ ਅਵਸਥ ਵਿੱਚ ਨਰਮ ਦਿਲੀ ਅਤੇ ਰਹਿਮ ਦਿਲੀ ਦੇ ਉਚੱਤਮ ਕੋਟਿ ਦੇ ਨਮੂਨੇ ਕਾਇਮ ਕੀਤੇ। ਮੱਕੇ ਤੋਂ ਆਏ ਹੋਏ ਅਜੇ ਕੁਝ ਸਮਾਂ ਹੀ ਲੰਘਿਆ ਸੀ ਸਾਰੇ ਦੁਖ ਤੇ ਜ਼ਖ਼ਮ ਤਾਜ਼ਾ ਸਨ। ਆਪ ਨੂੰ ਆਪਣੇ ਮੰਨਣ ਵਾਲਿਆਂ ਦੇ ਦੁੱਖਾਂ ਦਾ ਅਹਿਸਾਸ ਆਪਣੇ ਦੁੱਖਾਂ ਤੋਂ ਵੀ ਵੱਧ ਹੋਇਆ ਕਰਦਾ ਸੀ। ਪਰ ਫਿਰ ਵੀ ਇਸਲਾਮੀ ਸਿੱਖਿਆ ਤੇ ਉਸੂਲਾਂ ਨੂੰ ਆਪ ਜੀ ਨੇ ਨਹੀਂ ਤੋੜਿਆ। ਜੋ ਆਚਰਣਕ ਮਿਆਰ ਆਪ ਦੇ ਸੁਭਾਵ ਦਾ ਹਿਸੱਾ ਸਨ ਅਤੇ ਜੋ ਸਿੱਖਿਆ ਦਾ ਭਾਗ ਸਨ ਉਹਨਾਂ ਨੂੰ ਨਹੀਂ ਤੋੜਿਆ। ਅੱਜ ਦੇਖ ਲਓ ਕਈ ਪਛੱਮੀ ਦੇਸ਼ ਜਿੰਨ੍ਹਾ ਤੋਂ ਜੁੱਧ ਕਰ ਰਹੇ ਹਨ ਕੀ ਕੁਝ ਨਹੀਂ ਕਰਦੇ ....

ਮਦੀਨੇ ਵਿੱਚ ਇਕ ਇਕਰਾਰਨਾਮਾ ਹੋਇਆ ਸੀ। ਉਸ ਇਕਰਾਰਨਾਮੇ ਹੇਠ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਅਮ ਨੇ ਜੋ ਸ਼ਿਕਾਂ ਕਾਇਮ ਕੀਤੀਆਂ ਸਨ, ਜੋ ਰਿਵਾਇਤਾਂ ਪਹੁੰਚੀਆਂ ਹਨ ਉਹਨਾਂ ਦਾ ਵਰਨਣ ਕਰਦਾ ਹਾਂ ਕਿ ਕਿਵੇਂ ਉਸ ਵਾਤਾਵਰਣ ਵਿੱਚ ਜਾਕੇ ਆਪ ਨੇ ਭਾਈਚਾਰੇ ਦੀ ਫ਼ਿਜ਼ਾ ਪੈਦਾ ਕਰਨ ਦਾ ਜਤਨ ਕੀਤਾ ਅਤੇ ਉਸ ਸਮਾਜ ਵਿੱਚ ਅਮਨ ਕਾਇਮ ਕਰਨ ਲਈ ਆਪ ਕੀ ਚਾਹੁੰਦੇ ਸਨ ? ਤਾਂ ਜੋ ਸਮਾਜ ਵਿੱਚ ਵੀ ਅਮਨ ਕਾਇਮ ਹੋਵੇ ਅਤੇ ਮਾਨਵਤਾ ਨਾ ਸਨਮਾਨ ਵੀ ਕਾਇਮ ਹੋਵੇ। ਮਦੀਨਾ ਪਹੁੰਚਣ ਦੇ ਬਾਦ ਆਪ ਨੇ ਯਹੂਦੀਆਂ ਨਾਲ ਜੋ ਸੰਧੀ ਕੀਤੀ ਉਸ ਦੀਆਂ ਕੁਝ ਸ਼ਰਤਾਂ ਇਹ ਸਨ :

1.ਮੁਸਲਮਾਨ ਅਤੇ ਯਹੂਦੀ ਆਪਸ ਵਿੱਚ ਮਿਲਵਰਤਨ ਤੇ ਸਦਭਾਵਨਾ ਨਾਲ ਰਹਿਣਗੇ ਅਤੇ ਇਕ ਦੂਜੇ ਦੇ ਵਿਰੁਧ ਵਧੀਕੀ ਜਾਂ ਜ਼ੁਲਮ ਤੋਂ ਕੰਮ ਨਹੀਂ ਲੈਣਗੇ।

2.ਦੂਜੀ ਸ਼ਰਤ ਇਹ ਸੀ ਕਿ ਹਰ ਜਾਤੀ ਨੂੰ ਧਾਰਮਕ ਅਜ਼ਾਦੀ ਪ੍ਰਾਪਤ ਹੋਵੇਗੀ।

3.ਤੀਜੀ ਸ਼ਰਤ ਇਹ ਸੀ ਕਿ ਸਮੂਹ ਵਾਸੀਆਂ ਦੀ ਜਾਨ ਤੇ ਮਾਲ ਸੁਰੱਖਿਅਤ ਹੋਣਗੇ ਅਤੇ ਉਹਨਾਂ ਦਾ ਸਸਮਾਨ ਕੀਤਾ ਜਾਵੇਗਾ। ਸਿਵਾਏ ਇਸ ਦੇ ਕਿ ਕੋਈ ਮਨੁੱਖ ਅਤਿਆਚਾਰ ਜਾਂ ਦੋਸ਼ ਦਾ ਭਾਗੀ ਹੋਵੇ ......।

ਇਹ ਸਨ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਮਿਆਰ, ਭਾਈਚਾਰਾ ਤੇ ਧਾਰਮਕ ਅਜ਼ਾਦੀ ਦੀ ਸਥਾਪਨਾ ਲਈ। ਇਸ ਦੇ ਹੁੰਦਿਆਂ ਹੋਇਆਂ ਵੀ ਆਪ ਉਪੱਰ ਅਤਿਆਚਾਰ ਕਰਨ ਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਨੂੰ ਫੈਲਾਉਣ ਦਾ ਆਰੋਪ ਲਾਉਣ ਦੀ ਅਤਿਅੰਤ ਅਤਿਆਚਾਰੀ ਹਰਕਤ ਹੈ। (ਇਸਲਾਮ ਅਤੇ ਅਜਾਦੀਏ ਜ਼ਮੀਰ, ਪੰਨ੍ਹਾ 26 ਤੋਂ 40 ਤੱਕ, ਛਾਪਾ ਫ਼ਜ਼ਲੇ ਉਮਰ ਪ੍ਰਿੰਟਿਂਗ ਪ੍ਰੈਸ ਕਾਦੀਆਂ ਐਡੀਸ਼ਨ 2013)

ਜਿਸ ਦੌਰ ਵਿੱਚੋਂ ਅਸੀਂ ਲੰਘ ਰਹੇ ਹਾਂ, ਭਾਵੇਂ ਗਿਆਨ ਦੇ ਚਾਨ੍ਹਣੇ ਦੇ ਫੈਲ ਜਾਣ ਦੇ ਪੱਖੋਂ ਲੰਘੇ ਸਾਰਿਆਂ ਸਮਿਆਂ ਵਿੱਚੋਂ ਵੱਧਕੇ ਹੈ ਪਰ ਇਸ ਦੌਰ ਦੀ ਇਹ ਬਦਕਿਸਮਤੀ ਹੈ ਕਿ ਅਜਿਹੇ ਚਾਨ੍ਹਣੇ ਦੇ ਜੁੱਗ ਵਿੱਚ ਵੀ ਲੋਕ ਵਿਦਵਾਨ ਅਖਵਾਕੇ ਵੀ ਵਿਚਾਰਾਂ ਦੀ ਅਜ਼ਾਦੀ ਦੇ ਅਰਥ ਨਹੀਂ ਸਮਝਦੇ ਸਗੋਂ ਦੂਜਿਆਂ ਦੇ ਧਰਮ ਅਤੇ ਧਾਰਮਕ ਆਗੂਆਂ ਦੇ ਅਪਮਾਨ ਨੂੰ ਅਤੇ ਹੋਰਨਾ ਧਰਮਾਂ ਦੇ ਮਨੂੰਣ ਵਾਲਿਆਂ ਦੇ ਦਿਲਾਂ ਨੂੰ ਦੁੱਖ ਪਹੁੰਚਾਉਣ ਨੂੰ ਉਚਿਤ ਕਰਾਰ ਦਿੰਦੇ ਹਨ। ਜਿਸ ਦੇ ਸਿੱਟੇ ਵਿੱਚ ਹਰ ਥਾਂ ਤਸ਼ੱਦੁਦ ਤੇ ਅਤਿਆਚਾਰ ਦਾ ਦੌਰ ਦੌਰਾ ਹੈ।

**ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਦੁਨੀਆ ਵਿੱਚ ਵੱਧਦੀ ਹੋਈ ਬਦਅਮਨੀ ਨੂੰ ਦੇਖਕੇ ਬੀਤੇ ਕੁਝ ਵਰ੍ਹਿਆਂ ਤੋਂ ਅਮਨ ਤੇ ਸਲਾਮਤੀ ਦੀ**

ਸਥਪਨਾ ਲਈ ਆਪਣੇ ਜਤਨਾਂ ਨੂੰ ਤੇਜ਼ ਕਰ ਦਿੱਤਾ ਹੈ । ਇਸ ਸੰਬੰਧ ਵਿੱਚ ਜਿੱਥੇ ਆਪ ਨੇ ਸੰਸਾਰ ਦੇ ਪ੍ਰਸਿੱਧ ਦੇਸ਼ਾਂ ਦੇ ਪ੍ਰਮੁਖੱਾਂ ਨੂੰ ਜਿੰਨ੍ਹਾ ਵਿੱਚ ਇਸਲਾਮੀ ਲੋਕਤੰਤਰ ਈਰਾਨ, ਯੂਨਾਈਟੈਡ ਸਟੇਟ ਆਫ਼ ਅਮੇਰਿਕਾ, ਕਨਾਡਾ, ਇਸਰਾਈਲ, ਸਊਦੀ ਅਰਬ, ਚੀਨ, ਬਰਤਾਨੀਆ, ਜਰਮਨੀ, ਫ਼੍ਰਾਂਸ ਅਤੇ ਈਸਾਈਆਂ ਦੇ ਧਾਰਮਕ ਰਹਿਨੁਮਾ ਪੋਪ ਸ਼ਾਮਲ ਹਨ । ਅਮਨ, ਸਲਾਮਤੀ, ਭਾਈਚਾਰਾ, ਇਕੱਠ ਤੇ ਏਕਤਾ ਸੰਬੰਧੀ ਇਸਲਾਮੀ ਸਿੱਖਿਅ ਉਪੱਰ ਅਧਾਰਤ ਪਤੱਰ ਲਿਖੇ । ਇਸ ਦੇ ਨਾਲ ਹੀ ਆਪ ਨੇ ਇਹਨਾਂ ਦੇਸ਼ਾਂ ਦੇ ਧਾਰਮਕ ਤੇ ਰਾਜਨੀਤਿਕ ਰਹਿਨੁਮਾਵਾਂ ਸਾਹਮਣੇ ਇਸਲਾਮ ਦੀ ਪ੍ਰੇਮ ਭਰੀ ਸਿੱਖਿਆਵਾਂ ਪੇਸ਼ ਕੀਤੀਆਂ । ਇਹ ਪਤੱਰ ਤੇ ਲੈਕਚਰਜ਼ ਹਜ਼ੂਰ ਦੀ ਮਾਅਰਕੇ ਮਾਰਨ ਵਾਲੀ ਕਿਤਾਬ “World Crisis and pathway to peace” ਵਿੱਚ ਅਧਿਐਨ ਕੀਤੇ ਜਾ ਸਕਦੇ ਹਨ । ਇਸੇ ਪ੍ਰਕਾਰ ਆਪ ਦੀ ਕਿਤਾਬ “ਇਸਲਾਮ ਔਰ ਅਜ਼ਾਦੀਏ ਜ਼ਮੀਰ” ਇਸ ਸੰਬੰਧ ਵਿੱਚ ਲਾਹੇਵੰਦ ਜਾਣਕਾਰੀ ਪਹੁੰਚਾਉਂਦੀ ਹੈ ।

ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਫ਼ਰਮਾਉਂਦੇ ਹਨ :

“ਕਿਸੇ ਵੀ ਧਰਮ ਦੀ ਪਵਿੱਤਰ ਹਸਤੀਆਂ ਬਾਰੇ ਕਿਸੇ ਵੀ ਪ੍ਰਕਾਰ ਦੇ ਅਣਉਚਿਤ ਵਿਚਾਰ ਦਾ ਪ੍ਰਗਟਾਵਾ ਵਿਚਾਰਾਂ ਦੀ ਅਜ਼ਾਦੀ ਦੇ ਘੇਰੇ ਵਿੱਚ ਨਹੀਂ ਆਉਂਦਾ । ਤੁਸੀਂ ਜੋ ਲੋਕਤੰਤਰ ਤੇ ਜ਼ਮੀਰ ਦੀ ਆਜ਼ਾਦੀ ਦੇ ਚੈਂਪੀਅਨ ਬਣਕੇ ਦੂਜਿਆਂ ਦੀਆਂ ਭਾਵਨਾਵਾਂ ਨਾਲ ਖੇਡਦੇ ਹੋ ਇਹ ਨ ਤਾਂ ਲੋਕਤੰਤਰ ਹੈ ਅਤੇ ਨ ਹੀ ਅਜ਼ਾਦੀਏ ਜ਼ਮੀਰ ਹੈ । ਹਰ ਚੀਜ ਦੀ ਇਕ ਹੱਦ ਹੁੰਦੀ ਹੈ ਅਤੇ ਕੁਝ ਆਚਰਣਕ ਨੀਯਮ ਹੁੰਦੇ ਹਨ । ਜਿਵੇਂ ਹਰ ਪੇਸ਼ੇ ਵਿੱਚ ਆਚਰਣਕ ਨਿਯਮ ਹਨ ਇਸੇ ਪ੍ਰਕਾਰ ਪਤੱਰਕਾਰੀ ਲਈ ਵੀ ਆਚਰਣਕ ਨੀਯਮ ਹੈ ਅਤੇ ਇਸੇ ਪ੍ਰਕਾਰ ਕਿਸੇ ਵੀ ਪ੍ਰਕਾਰ ਦੀ ਸਰਕਾਰ ਦੇ ਵੀ ਨੀਯਮ ਤੇ ਕਾਇਦੇ ਹਨ ।

ਅਜ਼ਾਦੀਏ ਜ਼ਮੀਰ ਦਾ ਉਕੱਾ ਹੀ ਇਹ ਅਰਥ ਨਹੀਂ ਕਿ ਦੂਜਿਆਂ ਦੀ ਭਾਵਨਾਵੰ ਨਾਲ ਖੇਡਿਆ ਜਾਵੇ, ਉਸ ਨੂੰ ਦੁੱਖ ਪਹੁੰਚਾਇਆ ਜਾਵੇ । ਜੇਕਰ ਇਹੋ ਜ਼ਮੀਰ ਦੀ ਅਜ਼ਾਦੀ (ਵਿਚਾਰਾਂ ਦੀ ਅਜ਼ਾਦੀ) ਹੈ ਜਿਸ'ਤੇ ਪਛੱਮ ਨੂੰ ਮਾਣ ਹੈ ਤਾਂ ਇਹ ਅਜ਼ਾਦੀ ਤਰੱਕੀ ਵੱਲ ਲੈ ਜਾਣ ਵਾਲੀ ਨਹੀਂ ਹੈ ਸਗੋਂ ਪਤਨ ਵੱਲ ਲੈ ਜਾਣ ਵਾਲੀ ਅਜ਼ਾਦੀ ਹੈ ।”

(ਇਸਲਾਮ ਔਰ ਅਜ਼ਾਦੀਏ ਜ਼ਮੀਰ ਪੰਨ੍ਹਾ 22,23)

ਅਲੱਾਹ ਤਆਲਾ ਸੰਸਾਰ ਵਾਸੀਆਂ ਨੂੰ ਅਜ਼ਾਦੀਏ ਜਜ਼ਮੀਰ (ਵਿਚਾਰਾਂ ਦੀ ਅਜ਼ਾਦੀ) ਦੇ ਵਾਸਤਵਿਕ ਅਰਥਾਂ ਨੂੰ ਸਮਝਣ ਅਤੇ ਉਸ ਅਨੁਸਾਰ ਅਮਨ ਤੇ ਸ਼ਾਂਤੀ ਨਾਲ ਜੀਵਨ ਬਤੀਤ ਕਰਨ ਅਤੇ ਹੋਰਨਾਂ ਨੂੰ ਜੀਵਨ ਬਖ਼ਸ਼ਣ ਦਾ ਸੰਜੋਗ ਪ੍ਰਦਾਨ ਕਰੇ। ਆਮੀਨ


**Contact Details:** Ahmadiyya Muslim Jama'at India

**Head Office**

Nazarat Dawat Ilallah

Qadian, Dist. Gurdaspur, Punjab. 143516.

www.alislam.org /www.ahmadiyyamuslimjamaat.in

Feedback www.ahmadiyyamuslimjamaat.in/feedback

National Toll Free Number: 1800 3010 2131 (9:00AM to 10:30PM)



MUSLIM TELEVISION AHMADIYYA INTERNATIONAL

www.mta.tv

Satellite: Asia sat 7s, Degree: 105.5 East, Frequency 3760 Symbol Rate: 26000 FEC: Auto / C.Band 4 Feet Dish Antenna

EutelsatE70B,Degree:70° East,Frequency:11211,SymbolRate:5111,Polarization-HorizontalQPSK-1/2,KU Band 2 feet Dish Antenna